# ਸੁਨਾਮੀ ਲਹਿਰਾਂ ਦਾ ਸ਼ਿਕਾਰ ਹੋਏ ਨਿਕੋਬਾਰ ਵਿਚਲੇ ਸੈਂਕੜੇ ਸਿੱਖਾਂ ਦੀ ਹਾਲਤ ਅਤਿ-ਤਰਸਯੋਗ

## "ਯੂਨਾਈਟਿਡ ਸਿੱਖਜ਼" ਜਥੇਬੰਦੀ ਵਲੋਂ ਸਿੱਖ ਸੰਗਤ ਨੂੰ ਮੱਦਦ ਦੀ ਅਪੀਲ

**ਪੋਰਟ ਬਲੇਅਰ (ਅੰਡੇਮਾਨ-ਨਿਕੋਬਾਰ)**-ਅੰਤਰਰਾਸ਼ਟਰੀ ਸਿੱਖ ਜਥੇਬੰਦੀ ਯੂਨਾਈਟਿਡ ਸਿੱਖਜ਼ ਦੇ 'ਭਾਈ ਘਨੱਈਆ ਸੁਨਾਮੀ ਪ੍ਰੋਜੈਕਟ' ਦੇ ਸਾਊਥ ਏਸ਼ੀਆ ਚੈਪਟਰ ਦੇ ਡਾਇਰੈਕਟਰ ਨਵਨੀਤ ਸਿੰਘ ਵਲੋਂ ਸਿੱਖ ਸੰਗਤਾਂ ਦੇ ਨਾਂ ਇੱਕ ਦਰਦਭਰੀ ਅਪੀਲ ਜਾਰੀ ਕਰਦਿਆਂ ਬੇਨਤੀ ਕੀਤੀ ਗਈ ਹੈ ਕਿ ਦੁਨੀਆਂ ਭਰ ਵਿੱਚ ਬੈਠੀਆਂ ਸਿੱਖ ਸੰਗਤਾਂ, ਸੁਨਾਮੀ ਲਹਿਰਾਂ ਦਾ ਬੁਰੀ ਤਰ੍ਹਾਂ ਸਿਕਾਰ ਹੋਏ ਨਿਕੋਬਾਰ ਵਿਚਲੇ ਸੈਂਕੜਿਆਂ ਸਿੱਖਾਂ ਦੀ ਮੱਦਦ ਲਈ ਅੱਗੇ ਆਉਣ ਜਿਹੜੇ ਬੜੀ ਮੰਦਹਾਲੀ ਵਿੱਚ ਰੁਲ ਰਹੇ ਹਨ। ਉਹਨਾਂ ਨੇ ਇਹ ਵੀ ਦੱਸਿਆ ਕਿ ਅਪਰੈਲ ਦੇ ਅਖੀਰ ਵਿੱਚ ਨਿਕੋਬਾਰ ਵਿੱਚ ਤੇਜ਼ ਬਾਰਸ਼ਾਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਫੇਰ ਅਗਲੇ 6 ਮਹੀਨਿਆਂ ਲਈ ਨਿਕੋਬਾਰ ਬਾਕੀ ਦੁਨੀਆਂ ਨਾਲੋਂ ਕੱਟਿਆ ਹੀ ਜਾਂਦਾ ਹੈ-ਸੋ ਸਾਡੇ ਕੋਲ ਸਿਰਫ 10 ਕੁ ਹਫਤੇ ਦਾ ਸਮਾਂ ਹੀ ਹੈ ਜਿਸ ਦੌਰਾਨ ਪੀੜਤ ਸਿੱਖ ਪਰਿਵਾਰਾਂ ਨੂੰ ਘਰ ਬਣਾ ਕੇ ਦੇਣੇ ਹਨ। ਯੂਨਾਈਟਿਡ ਸਿੱਖਜ਼ ਵਲੋਂ ਜਾਰੀ ਪ੍ਰੈਸ ਰਿਲੀਜ਼ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਉਹਨਾਂ ਦੀ ਸੰਸਥਾ ਦੇ ਨੁਮਾਇੰਦਿਆਂ ਨੇ ਸਭ ਤੋਂ ਪਹਿਲਾਂ ਕੈਂਬਲ ਬੇਅ (ਨਿਕੋਬਾਰ) ਦੇ ਸਿੱਖਾਂ ਤੱਕ ਪਹੁੰਚ ਕੀਤੀ ਹੈ ਅਤੇ ਉਹਨਾਂ ਲਈ ਲੰਗਰ ਅਤੇ ਹਰ ਸਹੂਲਤਾਂ ਦਾ ਪ੍ਰਬੰਧ ਕੀਤਾ ਹੈ।

ਪ੍ਰੈਸ ਰਿਲੀਜ਼ ਅਨੁਸਾਰ-'ਅੰਡੇਮਾਨ ਤੇ ਨਿਕੋਬਾਰ ਵਿਚਲਾ ਦ੍ਰਿਸ਼ ਬਹੁਤ ਹੀ ਉਦਾਸ ਤੇ ਦੁਖੀ ਕਰਨ ਵਾਲਾ ਹੈ। 300 ਤੋਂ ਜ਼ਿਆਦਾ ਸਿੱਖ ਪਰਿਵਾਰ, ਸੁਨਾਮੀ ਤੂਫਾਨ ਨਾਲ ਪ੍ਰਭਾਵਿਤ ਹੋਏ ਹਨ-ਜਿਹਨਾਂ ਵਿੱਚੋਂ 70 ਤੋਂ ਜ਼ਿਆਦਾ ਪਰਿਵਾਰ ਤਾਂ ਬੁਰੀ ਤਰ੍ਹਾਂ ਤਬਾਹ ਹੋ ਗਏ ਹਨ। ਇਹਨਾਂ ਸਿੰਘਾਂ ਤੇ ਸਿੰਘਣੀਆਂ ਕੋਲ ਖਾਣ ਲਈ ਰੋਟੀ, ਪਾਉਣ ਲਈ ਕੱਪੜਾ, ਕੋਈ ਘਰਬਾਰ, ਕੋਈ ਆਪਣੀ ਸ਼ਨਾਖਤ ਦਾ ਕਾਗਜ਼ ਪੇਪਰ, ਕੋਈ ਭਵਿੱਖ ਜਾਂ ਕੋਈ ਆਸ ਦੀ ਕਿਰਣ ਤੱਕ ਵੀ ਨਹੀਂ ਹੈ।

ਇਹਨਾਂ ਦੀ 35 ਸਾਲਾਂ ਦੀ ਕਮਾਈ ਸਮੁੰਦਰ ਦੀ ਛੱਲਾਂ ਰੋੜ ਕੇ ਲੈ ਗਈਆਂ ਹਨ ਅਤੇ ਇਹ ਡੌਰ-ਭੌਰ ਹੋਏ ਤਬਾਹੀ ਦੇਣ ਵਾਲੇ ਸਮੁੰਦਰ ਵੱਲ ਡਰੇ ਡਰੇ ਵੇਖਦੇ ਹਨ। ਉਹ ਪੰਜਾਬ ਵਾਪਸ ਮੁੜਨ ਜੋਗੇ ਨਹੀਂ ਹਨ ਤੇ ਨਿਕੋਬਾਰ ਵਿੱਚ ਮੁੜ ਜ਼ਿੰਦਗੀ ਸ਼ੁਰੂ ਕਰਨ ਲਈ ਉਹਨਾਂ ਕੋਲ ਵਸੀਲੇ ਤੇ ਹਿੰਮਤ ਨਹੀਂ ਹੈ।

ਉਹਨਾਂ ਦੀਆਂ ਜ਼ਮੀਨਾਂ ਜਾਂ ਸਮੁੰਦਰ ਨੇ ਨਿਗਲ ਲਈਆਂ ਹਨ ਜਾਂ ਲੂਣ ਵਾਲੇ ਸਮੁੰਦਰੀ ਪਾਣੀ ਨੇ ਜ਼ਮੀਨਾਂ ਨੂੰ ਅਗਲੇ ਪੰਜ ਸਾਲਾਂ ਲਈ 'ਨਿਕੰਮੇ' ਕਰ ਦਿੱਤਾ ਹੈ। ਟ੍ਰੈਕਟਰ ਅਤੇ ਮਸ਼ੀਨਾਂ ਸਭ ਸਮੁੰਦਰ ਦੇ ਢਿੱਡ ਵਿੱਚ ਜਾ ਪਈਆਂ ਹਨ। ਸਰਕਾਰੀ ਅਦਾਰਿਆਂ ਵਲੋਂ ਵੀ ਇਨ੍ਹਾਂ ਸਿੱਖਾਂ ਦੇ ਮੁੜ-ਵਸੇਬੇ ਵਿੱਚ ਕੋਈ ਦਿਲਚਸਪੀ ਨਹੀਂ ਵਿਖਾਈ ਜਾ ਰਹੀ। 'ਅਫਸਰਸ਼ਾਹੀ' ਵਤੀਰਾ ਇਸ ਬਿਪਤਾ ਦੀ ਘੜੀ ਵਿੱਚ ਵੀ ਜਿਉਂ ਦਾ ਤਿਉਂ ਕਾਇਮ ਹੈ।'

ਯੂਨਾਈਟਿਡ ਸਿੱਖਜ਼ ਵਲੋ ਇਨ੍ਹਾਂ ਪੀੜਤ ਸਿੱਖ ਪਰਿਵਾਰਾਂ ਦੀ ਮਦਦ ਲਈ ਉਲੀਕੇ ਗਏ ਨਿਸ਼ਾਨਿਆਂ ਵਿੱਚ ਇਹ ਸ਼ਾਮਲ ਹਨ:

ਸਮੁੱਚੇ ਨਿਕੋਬਾਰ ਦੀਪ ਸਮੂਹ ਦੇ ਵਾਸੀਆਂ ਲਈ (ਜਿਨ੍ਹਾਂ ਦੀ ਗਿਣਤੀ 6000 ਹੈ) ਰੋਜ਼ਾਨਾ ਲੰਗਰ ਦਾ ਪ੍ਰਬੰਧਕਰਨ।

2. ਗੁਰਦੁਆਰਾ ਸਾਹਿਬ ਦੀ ਮੁੜ ਉਸਾਰੀ ਕਰਨੀ।

3. 70 ਤੋਂ ਜ਼ਿਆਦਾ ਸਿੱਖ ਪਰਿਵਾਰਾਂ ਨੂੰ ਘਰ ਬਣਾ ਕੇ ਦੇਣੇ ਜਿਸ ਲਈ ਅਗਲੇ ਹਫਤੇ ਤੋਂ ਕੰਮ ਸ਼ੁਰੂ ਹੋ ਜਾਵੇਗਾ।

4. ਇੱਕ ਹਾਰਡਵੇਅਰ ਸਟੋਰ ਅਤੇ ਦੋ ਲੱਕੜ ਚੀਰਨ ਦੇ ਕਾਰਖਾਨੇ ਲਾਉਣੇ ਤਾਂ ਕਿ ਸਿੱਖਾਂ ਨੂੰ ਰੁਜ਼ਗਾਰ ਮਿਲ ਸਕੇ ਅਤੇ ਘਰ ਬਣਾਉਣ ਲਈ ਲੱਕੜੀ ਮੁਹੱਈਆ ਕਰਵਾਈ ਜਾ ਸਕੇ।

5. ਪੀੜਤਾਂ ਨੂੰ 'ਮਾਨਸਿਕ ਪੀੜਾ' ਤੋਂ ਛੁਟਕਾਰਾ ਪਾਉਣ ਅਤੇ ਹੋਰ ਮੁੜ ਵਸੇਬੇ ਸਬੰਧੀ ਮਸਲਿਆਂ 'ਤੇ ਪ੍ਰੋਫੈਸ਼ਨਲ ਸਲਾਹ ਮਸ਼ਵਰਾ ਦੇਣਾ।

6. ਪੀੜਤ ਪਰਵਾਰਾਂ ਦੇ ਬੱਚਿਆਂ ਲਈ ਵਿੱਦਿਅਕ ਸਹੂਲਤਾਂ ਮੁਹੱਈਆ ਕਰਨਾ।

7. ਸਿਹਤ ਸੇਵਾਵਾਂ ਦਾ ਫੌਰੀ ਪ੍ਰਬੰਧ ਕਰਨਾ।



**ਸੁਨਾਮੀ ਕਾਰਨ ਬਿੱਖਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਨੂੰ ਅਗਨ ਭੇਂਟ ਕਰਨ ਲਿਜਾਂਦੀ ਹੋਈ ਸਿੱਖ ਸੰਗਤ**



**ਕੈਂਬਲ ਵੇਅ ਦੇ ਸੁਨਾਮੀ ਪੀੜਤਾਂ ਲਈ ਇਮਦਾਦ ਪਹੁੰਚਾਉਣ ਦਾ ਉਪਰਾਲਾ ਕਰ ਰਹੇ "ਯੂਨਾਇਟਿਡ ਸਿੱਖਜ਼" ਦੇ ਮੈਂਬਰ**

ਯੂਨਾਈਟਿਡ ਸਿੱਖਜ਼ ਜਥੇਬੰਦੀ ਦੇ ਬੁਲਾਰੇ ਵਲੋਂ ਕਿਹਾ ਗਿਆ ਹੈ ਕਿ ਉਪਰੋਕਤ ਨਿਸ਼ਾਨਿਆਂ ਦੀ ਪੂਰਤੀ ਲਈ ਭਾਰੀ ਧਨ ਰਾਸ਼ੀ ਦੀ ਲੋੜ ਹੈ ਅਤੇ ਇਹ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਹੀ ਸੰਭਵ ਹੋ ਸਕਦਾ ਹੈ। ਯੂਨਾਈਟਿਡ ਸਿੱਖਜ਼ ਜਥੇਬੰਦੀ ਨੇ ਸਿੱਖ ਸੰਗਤਾਂ ਨੂੰ ਆਪਣੇ ਨਿਕੋਬਾਰ ਵਿਚਲੇ ਸਿੱਖ ਭੈਣ-ਭਰਾਵਾਂ ਦੀ ਮਦਦ ਲਈ ਦਿਲ ਖੋਲ੍ਹ ਕੇ ਮਾਇਆ ਭੇਟ ਕਰਨ ਦੀ ਅਪੀਲ ਕੀਤੀ ਹੈ।

ਯੂਨਾਈਟਿਡ ਸਿੱਖਜ਼ ਦੇ ਵਲੰਟੀਅਰਾਂ ਦੀਆਂ ਟੀਮਾਂ ਇੰਡੋਨੇਸ਼ੀਆ, ਥਾਈਲੈਂਡ, ਸ੍ਰੀਲੰਕਾ ਅਤੇ ਚੇਨਈ (ਮਦਰਾਸ) ਵਿੱਚ ਵੀ ਰਾਹਤ ਕਾਰਜਾਂ ਲਈ ਜੁਟੀਆਂ ਹੋਈਆਂ ਹਨ। ਜਿਸ ਲਈ ਸਿੱਖ ਸੰਗਤਾਂ ਵਲੋਂ ਮਿਲੇ ਸਹਿਯੋਗ ਦਾ ਧੰਨਵਾਦ ਕੀਤਾ ਗਿਆ ਹੈ।

**ਜਿਹੜੇ ਵੀਰ-ਭੈਣਾਂ ਨਿਕੋਬਾਰ ਦੇ ਸਿੱਖ ਭੈਣ-ਭਰਾਵਾਂ ਲਈ ਮਦਦ ਦੇਣੀ ਚਾਹੁਣ ਉਹ ਸ. ਕੁਲਦੀਪ ਸਿੰਘ ਨੂੰ (404) 550-8356 ਤੇ ਫੋਨ ਕਰ ਸਕਦੇ ਹਨ।**

**ਯੂਨਾਈਟਿਡ ਸਿੱਖਜ਼ ਦਾ ਵੈਬਸਾਈਟ ਐਡਰੈਸ ਹੈ:**

**ਯੂਨਾਈਟਿਡ ਸਿੱਖਜ਼ ਡਾਟ ਆਰਗ (unitedsikhs.org)**